



ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Ruth Klassen


ਕਹਾਣੀ 15 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi







ਇੱਕ ਇਸਰਾਈਲੀ, ਗਿਦਾਊਨ, ਕੋਲ ਫਸਲ ਉਗਾਉਣ ਲਈ ਜਰੂਰ ਗੁਪਤ ਸਥਾਨ ਹੋਣਾ ਹੈ। ਉਹ ਇੱਕ ਵੱਡੇ ਦਰਖਤ ਦੇ ਥੱਲੇ ਅੰਗੂਰਾਂ ਦੀ ਬਾਰੀ ਵਿੱਚ ਲੁਕ ਕੇ ਦਾਣੇ ਛੱਟ ਰਿਹਾ ਸੀਂ।
3


ਮਿਗਦਾਨੀਆਂ ਨੂੰ ਉਸ ਜਗ੍ਹਾ ਦਾ ਪਤਾ ਨਹੀ ਸੀਂ ਪਰ ਪਰਮੇਸ਼ਵਰ ਜਾਣਦਾ ਸੀਂ। ਪਰਮੇਸ਼ਵਰ ਨੇਂ ਇੱਕ ਦੂਤ ਦੁਆਰਾ ਗਿਦਾਊਨ ਨੂੰ ਸੰਦੇਸ਼ ਭੇਜਿਆ।
4


ਪਰਮੇਸ਼ਵਰ ਚਾਹੁੰਦਾਂ ਸੀ ਕੀ ਗਿਦਾਊਨ ਆਪਣੇ ਪਿਤਾ ਦੁਆਰਾ ਬਣਾਈ ਗਈ ਗ਼ੈਰਵਾਜਿਬ ਦੇਵਤਾ ਦੀ ਮੂਰਤ ਨੂੰ ਢਾਹ ਦੇਵੇ ਅਤੇ ਸੱਚੇ ਪਰਮੇਸ਼ਵਰ ਲਈ ਇੱਕ ਜਗਵੇਦੀ ਬਣਾਵੇ। ਭਾਂਵੇ ਗਿਦਾਊਨ ਡਰ ਗਿਆ ਸੀ ਕੀ ਉਸਦੇ ਦੇਸ਼ ਦੇ ਲੋਕ ਉਸਨੂੰ ਮਾਰ ਦੇਣਗੇ, ਤਾਂ ਵੀ ਉਸਨੇ ਪਰਮੇਸ਼ਵਰ ਦੇ ਕਹੇ ਅਨੁਸਾਰ ਕੀਤਾ।
5


ਪਰਮੇਸ਼ਵਰ ਇਹ ਵੀ ਚਾਹੁੰਦਾ ਸੀਂ ਕੀ ਗਿਦਾਊਨ ਇਸਰਾਈਲੀ ਸੈਨਾਂ ਦੀ ਅਗਵਾਈ ਦੁਸ਼ਟ ਮਿਗਦਾਨੀਆਂ ਦੇ ਖਿਲਾਫ ਕਰੇ। ਪਰ ਗਿਦਾਊਨ ਡਰਦਾ ਸੀਂ।
6


ਉਸਨੇ ਇੱਕ ਅਨੋਖਾ ਚਿੰਨ੍ਹ ਮੰਗਿਆ ਜੋ ਸਾਬਿਤ ਕਰੇ ਪਰਮੇਸ਼ਵਰ ਉਸਦੇ ਨਾਲ ਹੈ। ਤਦ ਉਸਨੇ ਭੇਡ ਦੀ ਉੱਨ ਦੇ ਫੰਬੇ ਨੂੰ ਮੈਦਾਨ ਵਿੱਚ ਰੱਖਿਆ।
7


ਗਿਦਾਊਨ ਨੇਂ ਪ੍ਰਾਥਨਾ ਕੀਤੀ, “ਜੇਕਰ ਤ੍ਰੇਲ ਸਿਰਫ ਉੱਨ ਦੇ ਫੰਬਾ ਉੱਤੇ ਹੀ ਪਵੇ ਅਰ ਆਲੇ ਦੁਆਲੇ ਦੀ ਧਰਤੀ ਸਭ ਸੁੱਕੀ ਰਹੇ, ...
8



... ਤਾਂ ਮੈ ਸੱਚ
ਮੁੱਚ ਜਾਣਾਂਗਾ ਕੀ
ਜਿੱਕਰ ਤੈਂ ਆਖਿਆ ਹੈ, ਤਿਹਾ
ਹੀ ਇਸਰਾਏਲ ਨੂੰ ਤੂੰ ਮੇਰੇ ਦੁਆਰਾ ਛੁਟਕਾਰਾ
ਦੇਵੇਂਗਾ।" ਪਰਭਾਤ ਦੇ ਵੇਲੇ, ਮੈਦਾਨ ਸੁੱਕਾ ਸੀਂ, ਪਰ
ਉੱਨ ਦਾ ਫੰਬਾ ਪੂਰੀ ਤਰ੍ਹਾਂ ਭਿਜਿਆ ਹੋਇਆ ਸੀਂ।

9

ਗਿਦਾਊਨ ਨੇਂ ਫਿਰ ਛੱਕ ਕੀਤਾ। ਹੁਣ ਉਹ ਚਾਹੁੰਦਾ ਸੀਂ ਪਰਮੇਸ਼ਵਰ ਮੈਦਾਨ ਉੱਤੇ ਤ੍ਰੇਲ ਪਾਵੇ ਪਰ ਉੱਨ ਦੇ ਫੰਬੇ ਤੇ ਨਹੀਂ। ਅਗਲੀ ਪਰਭਾਤ – ਮੈਦਾਨ ਭਿਜਿਆ ਹੋਇਆ ਸੀਂ ਅਤੇ ਉੱਨ ਦਾ ਫੰਬਾ ਸੁੱਕਾ ਸੀਂ।



10

ਗਿਦਾਊਨ ਨੇਂ ਬੱਤੀ ਹਜ਼ਾਰ (32,000) ਸਿਪਾਹੀਆਂ ਨਾਲ ਪ੍ਰਸਥਾਨ ਕੀਤਾ। ਪਰਮੇਸ਼ਵਰ ਨੇਂ ਉਹਨਾਂ ਨੂੰ ਤਿੰਨ ਸੋ (300) ਹੀ ਕਰ ਦਿੱਤਾ। ਪਰਮੇਸ਼ਵਰ ਨਹੀਂ ਚਾਹੁੰਦਾ ਸੀਂ ਇਸਰਾਏਲ ਕਹੇ, "ਅਸੀਂ ਆਪਣੇ ਹੱਥਾਂ ਨਾਲ ਬਚੇ ਹਾਂ।" ਪਰਮੇਸ਼ਵਰ ਇਕੱਲਾ ਇਸਰਾਏਲ ਦਾ ਬਚਾਉਣ ਵਾਲਾ ਸੀਂ।




11

ਗਿਦਾਊਨ ਜਾਣਦਾ ਹੋਇਆ ਅਜੇ ਵੀ ਡਰਿਆ ਸੀ, ਪਰਮੇਸ਼ਵਰ ਨੇ ਉਸਨੂੰ ਚੋਰੀ – ਛਿਪੇ ਸੁਣਾਇਆ ਇੱਕ ਮਿਗਦਾਨੀ ਦੂਜੇ ਸਿਪਾਹੀ ਨੂੰ ਅਦਭੁਤ ਸੁਫਨੇ ਬਾਰੇ ਦੱਸ ਰਿਹਾ ਹੈ।



12

ਸੁਫਨੇ ਵਿੱਚ, ਇੱਕ ਰੋਟੀ ਦਾ ਫੁਲਕਾ ਮਿਗਦਾਨੀਆਂ ਦੇ ਤੰਬੂ ਦੇ ਵਿਰੁੱਧ ਉਲਟ ਗਿਆ ਅਤੇ ਉਸਨੂੰ ਨਾਸ਼ ਕਰ ਦਿੱਤਾ।



13

ਦੂਜਾ ਪਹਿਰੇਦਾਰ ਡਰ ਗਿਆ। "ਇਹ ਤਾਂ ... ਗਿਦਾਊਨ ਦੀ ਤਲਵਾਰ ਹੈ ..." ਉਹ ਰੋਇਆ। ਜਦ ਗਿਦਾਊਨ ਨੇ ਸੁਫਨਾਂ ਅਤੇ ਉਸਦਾ ਅਰਥ ਸੁਣਿਆ, ਉਹ ਜਾਣ ਗਿਆ ਕੀ ਪਰਮੇਸ਼ਵਰ ਉਸ ਨੂੰ ਜਿੱਤ ਦੇਣ ਜਾ ਰਿਹਾ ਹੈ।



14

ਗਿਦਾਊਣ ਨੇਂ ਰਾਤ ਨੂੰ ਹਮਲੇ ਦੀ ਯੋਜਨਾਂ ਬਣਾਈ। ਉਸਨੇ ਹਰੇਕ ਸਿਪਾਹੀ ਨੂੰ ਤੁਰ੍ਹੀ, ਅਤੇ ਖਾਲੀ ਸੁਰਾਹੀਆਂ ਵਿੱਚ ਮਸ਼ਾਲਾਂ ਪਾ ਕੇ ਦਿੱਤੀਆਂ। ਉਹ ਮਿਗਦਾਨੀ ਸੈਨਾਂ ਦੇ ਦੁਆਲੇ ਫੈਲ ਗਏ।



15

ਗਿਦਾਊਨ ਦੇ ਇਸ਼ਾਰੇ ਤੇ, ਸਿਪਾਹੀਆਂ ਨੇ ਤੁਰਹੀਆਂ ਵਜਾ ਦਿੱਤੀਆਂ, ਉਹਨਾਂ ਦੇ ਘੜੇ ਟੁੱਟੇ ਅਤੇ ਉਹਨਾਂ ਦੀਆਂ ਮਸ਼ਾਲਾਂ ਰੁਸ਼ਨਾਈਆਂ। ਕਿਸ ਤਰ੍ਹਾਂ ਦੀ ਆਵਾਜ ਹੈ! ਕਿਸ ਤਰ੍ਹਾਂ ਦੀ ਗੜਬੜ ਹੈ! ਡਰੇ ਹੋਏ ਮਿਗਦਾਨੀ ਉੱਠੇ ਅਤੇ ਭੱਜ ਗਏ।



16

ਇਸ ਮਹਾਨ ਜਿੱਤ ਤੋਂ ਬਾਅਦ, ਇਸਰਾਏਲ ਦੇ ਮਨੁੱਖਾਂ ਨੇ ਗਿਦਾਊਨ ਨੂੰ ਆਪਣੇ ਉੱਤੇ ਸ਼ਾਸ਼ਨ ਕਰਨ ਲਈ ਆਖਿਆ। ਗਿਦਾਊਨ ਨੇ ਉੱਤਰ ਦਿੱਤਾ, "ਮੈਂ ਤੁਹਾਡੇ ਉੱਤੇ ਸ਼ਾਸ਼ਨ ਨਹੀ ਕਰਾਂਗਾ ... ਪਰਮੇਸ਼ਵਰ ਤੁਹਾਡੇ ਉੱਤੇ ਸ਼ਾਸ਼ਨ ਕਰੇਗਾ।"



17

ਉਹ ਜਾਣ ਗਿਆ ਸੀਂ ਕੀ ਸਿਰਫ ਪਰਮੇਸ਼ਵਰ ਨੂੰ ਹੀ ਲੋਕਾਂ ਦੀ ਜ਼ਿੰਦਗੀ ਤੇ ਸ਼ਾਸ਼ਨ ਕਰਨ ਦਾ ਅਧਿਕਾਰ ਹੈ।



18

ਗਿਦਾਊਨ ਦੀ ਥੋੜੀ ਸੈਨਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਨਿਆਈਆਂ 6-8

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋ਼ਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।